ਸਾਇੰਸ ਓਫ ਦ ਸੋਲ - ਅਮਰੀਕਾ ਵਲੋਂ ਇਹ ਓਫੀਸ਼ੀਅਲ ਸੂਚਨਾ ਹੈ

# ਬਾਬਾ ਜੀ ਦਾ ਸਤਿਸੰਗ ਪ੍ਰੋਗਰਾਮ

ਸਾਇੰਸ ਓਫ ਦ ਸੋਲ ਸਟੱਡੀ ਸੈਂਟਰ - ਪੇਟਾਲੂਮਾ

2415 East Washington Street, Petaluma, California 94954

**ਮੰਗਲਵਾਰ, ਜੁਲਾਈ 30 ਅਤੇ ਬੁੱਧਵਾਰ, ਜੁਲਾਈ 31, 2019**

**ਸਤਿਸੰਗ ਪ੍ਰੋਗਰਾਮ**

| | |
|---|---|
| ਗੇਟ ਖੁਲਣ ਦਾ ਸਮਾਂ: | ਸਵੇਰੇ 6:00 am |
| ਸਤਿਸੰਗ ਹਾਲ ਖੁਲਣ ਦਾ ਸਮਾਂ: | ਸਵੇਰੇ 6:30 am |
| ਸੰਗਤ ਦੇ ਸੀਟਾਂ ਤੇ ਬੈਠ ਜਾਣ ਦਾ ਸਮਾਂ: | ਸਵੇਰੇ 8:45 am |
| ਸਤਿਸੰਗ ਸ਼ੁਰੂ ਹੋਣ ਦਾ ਸਮਾਂ: | ਸਵੇਰੇ 9:30 am |
| ਸਤਿਸੰਗ ਖਤਮ ਹੋਣ ਦਾ ਸਮਾਂ: | ਸਵੇਰੇ 11:00 am |
| ਸਾਈਟ ਬੰਦ ਹੋਣ ਦਾ ਸਮਾਂ: | ਦੁਪਹਿਰ 2:00 pm |

ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਇਸ ਵੈਬਸਾਈਟ ਤੇ ਜਾਓ: www.petalumaprogram.org
**ਆਮੰਤ੍ਰਿਤ ਖੇਤਰ**: ਅਮਰੀਕਾ ਦੀਆਂ ਹੇਠਾਂ ਦਿੱਤੀਆਂ ਸਟੇਟਾਂ ਵਿਚ ਰਹਿਣ ਵਾਲੇ ਹੀ ਪੇਟਾਲੂਮਾ ਸਤਿਸੰਗ ਪ੍ਰੋਗਰਾਮ ਲਈ ਆਮੰਤ੍ਰਿਤ ਹਨ: AK, AR, AZ, CA, CO, HI, ID, KS, MO, MT, NM, NV, OK, OR, TX, UT, WA, WY.

ਅਮਰੀਕਾ ਦੀਆਂ ਬਾਕੀ ਸਟੇਟਾਂ ਵਿਚ ਰਹਿਣ ਵਾਲਿਆਂ ਨੂੰ ਫ੍ਰੇਟਵਿੱਲ ਸਤਿਸੰਗ ਪ੍ਰੋਗਰਾਮ ਲਈ ਆਮੰਤ੍ਰਿਤ ਕੀਤਾ ਗਿਆ ਹੈ। **ਕਿਰਪਾ ਕਰਕੇ ਆਪ ਜੀ ਸਿਰਫ ਉਸੀ ਸਤਿਸੰਗ ਪ੍ਰੋਗਰਾਮ ਵਿਚ ਜਾਓ ਜਿਥੇ ਤੁਹਾਡੀ ਸਟੇਟ ਨੂੰ ਆਮੰਤ੍ਰਿਤ ਕੀਤਾ ਗਿਆ ਹੈ।**

ਬਾਕੀ ਦੇਸ਼ਾਂ ਵਿਚੋਂ ਸਿਰਫ **ਮੈਕਸੀਕੋ, ਕੈਰੇਬੀਅਨ, ਸੈਂਟ੍ਰਲ ਅਮਰੀਕਾ** ਅਤੇ **ਸਾਊਥ ਅਮਰੀਕਾ** ਦੀ ਸੰਗਤ ਨੂੰ ਪੇਟਾਲੂਮਾ ਦੇ ਸਤਿਸੰਗ ਪ੍ਰੋਗਰਾਮ ਵਿੱਚ ਆਮੰਤ੍ਰਿਤ ਕੀਤਾ ਗਿਆ ਹੈ।

**ਸਤਿਸੰਗ ਪ੍ਰੋਗਰਾਮ:** ਹਰ ਰੋਜ਼ ਸਵੇਰੇ 9:30 ਵਜੇ ਸਤਿਸੰਗ ਸ਼ੁਰੂ ਹੋਵੇਗਾ, ਜਿਸ ਤੋਂ ਬਾਅਦ ਸਵਾਲ ਜਵਾਬ ਹੋਣਗੇ।

**ਪਹੁੰਚਣ ਦਾ ਸਮਾਂ:** ਕਿਰਪਾ ਕਰਕੇ ਸਾਈਟ ਤੇ ਸਵੇਰੇ 6:00 ਵਜੇ ਤੋਂ ਪਹਿਲਾਂ ਨਾ ਪਹੁੰਚਣਾ ਜੀ। ਜਲਦੀ ਪਹੁੰਚਣ ਨਾਲ ਸੁਰੱਖਿਆ ਅਤੇ ਟ੍ਰੈਫਿਕ ਲਈ ਖ਼ਤਰੇ ਵਾਲੀ ਸਥਿਤੀ ਪੈਦਾ ਹੋ ਸਕਦੀ ਹੈ। ਸਮੇਂ ਤੋਂ ਪਹਿਲਾਂ ਪਹੁੰਚਣ ਵਾਲੀ ਸੰਗਤ ਦੀ ਸਹੂਲੀਅਤ ਦੇ ਲਈ ਕੋਈ ਵੀ ਸੁਵਿਧਾ ਉਪਲਬਧ ਨਹੀਂ ਹੋਵੇਗੀ। ਕਿਰਪਾ ਕਰ ਕੇ ਸੇਵਾਦਾਰਾਂ ਦੀ ਸਥਿਤੀ ਨੂੰ ਸਮਝਦੇ ਹੋਏ ਉਹਨਾਂ ਨੂੰ ਸਾਈਟ ਤੇ ਪਹੁੰਚਣ ਅਤੇ ਸਾਈਟ ਨੂੰ ਤਿਆਰ ਕਰਨ ਦਾ ਉਚਿਤ ਵਕਤ ਪ੍ਰਦਾਨ ਕਰੋ ਜੀ। **ਜਿਹੜੇ ਪਹਿਲਾਂ ਪਹੁੰਚਣਗੇ ਉਨ੍ਹਾਂ ਨੂੰ ਸਵੇਰੇ 6:30 ਵਜੇ ਦੇ ਗੇਟ ਖੁੱਲਣ ਦੇ ਨਿਰਧਾਰਿਤ ਸਮੇਂ ਤੋਂ ਪਹਿਲਾਂ ਹਾਲ ਵਿੱਚ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸਹੀ ਸਮੇਂ ਤੇ ਪਹੁੰਚਣ ਵਾਲਿਆਂ ਨਾਲ਼ ਨਿਰਪੱਖ ਹੋਣ ਦੇ ਲਈ ਅੰਦਰ ਆਉਣ ਲਈ ਕਈ ਐਂਟ੍ਰੀ ਲਾਈਨਾਂ ਬੇਤਰਤੀਬ (ਰੈਂਡਮ) ਢੰਗ ਨਾਲ ਚੁਣੀਆਂ ਜਾਣਗੀਆਂ। ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ ਵੈਬਸਾਈਟ ਤੇ ਜਰੂਰੀ ਅੱਪਡੇਟਾਂ ਵਾਲਾ ਪੇਜ ਦੇਖੋ ਜੀ।**

**ਬੈਠਣ ਦਾ ਇੰਤਜ਼ਾਮ**: ਸੰਗਤ ਨੂੰ ਸਵੇਰੇ 8:45 ਵਜੇ ਤਕ ਆਪਣੀ ਸੀਟਾਂ ਤੇ ਬੈਠ ਜਾਣਾ ਚਾਹੀਦਾ ਹੈ। ਜੇ ਸੰਗਤ ਇਕੱਠੇ ਬੈਠਣਾ ਚਾਹੁੰਦੀ ਹੈ ਉਹਨਾਂ ਨੂੰ ਇਕੱਠੇ ਪਹੁੰਚਣਾ ਚਾਹੀਦਾ ਹੈ। ਦੂਸਰਿਆਂ ਲਈ ਸੀਟਾਂ ਰੋਕ ਕੇ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਸਭ ਦੀ ਸੁਰੱਖਿਆ ਅਤੇ ਸੁਵਿਧਾ ਲਈ, ਕਿਰਪਾ ਕਰ ਕੇ ਸੇਵਾਦਾਰਾਂ ਨੂੰ ਸਹਿਯੋਗ ਦਿਓ ਜੀ। **ਕਿਰਪਾ ਨੋਟ ਕਰੋ ਕੇ ਹਾਲ ਦੇ ਸਾਹਮਣੇ ਵਾਲੇ ਭਾਗ ਵਿੱਚ ਬੈਠਣ ਦਾ ਇੰਤਜ਼ਾਮ ਜ਼ਮੀਨ ਤੇ ਲੱਗੀਆਂ ਗੱਦੀਆਂ ਉੱਤੇ ਹੋਵੇਗਾ ਅਤੇ ਉਥੇ ਸਤਿਸੰਗ ਦੀ ਨਾਲ ਨਾਲ ਅਨੁਵਾਦ (simultaneous translation) ਦੀ ਸੁਵਿਧਾ ਨਹੀਂ ਹੋਵੇਗੀ।**

**ਸਤਿਸੰਗ ਦਾ ਹੋਰ ਭਾਸ਼ਾਵਾਂ ਵਿਚ ਅਨੁਵਾਦ:** ਸਤਿਸੰਗ ਦਾ ਪੰਜਾਬੀ ਜਾਂ ਹਿੰਦੀ ਤੋਂ ਅੰਗਰੇਜ਼ੀ ਅਤੇ ਅੰਗਰੇਜ਼ੀ ਤੋਂ ਸਪੈਨਿਸ਼ ਵਿਚ ਨਾਲ ਨਾਲ ਅਨੁਵਾਦ ਹੋਵੇਗਾ। ਇਸ ਮਕਸਦ ਲਈ ਹਾਲ ਵਿਚ ਇੱਕ ਹੈੱਡਫੋਨ ਵਾਲੀ ਜਗ੍ਹਾ ਦਾ ਇੰਤਜ਼ਾਮ ਕੀਤਾ ਗਿਆ ਹੈ। ਕਿਰਪਾ ਧਿਆਨ ਦਿਓ ਕੇ ਉਥੇ ਬੈਠਣ ਦੀ ਜਗ੍ਹਾ ਸੀਮਿਤ ਹੈ। ਇਸ ਲਈ ਜੋ ਪਹਿਲਾਂ ਆਉਣਗੇ, ਉਹਨਾਂ ਨੂੰ ਉਥੇ ਬੈਠਣ ਦਾ ਮੌਕਾ ਵੀ ਪਹਿਲਾਂ ਮਿਲੇਗਾ।

**ਸਵਾਲ ਅਤੇ ਜਵਾਬ**: ਸਤਿਸੰਗ ਤੋਂ ਬਾਅਦ, ਸਵਾਲ ਜਵਾਬ ਦਾ ਪ੍ਰੋਗਰਾਮ ਹੋਵੇਗਾ। ਕਿਰਪਾ ਧਿਆਨ ਦਿਓ ਕੇ ਬਾਬਾ ਜੀ ਤੋਂ ਸਵਾਲ ਪੁੱਛਣ ਲਈ ਇਕ ਨਵਾਂ ਤਰੀਕਾ ਅਪਣਾਇਆ ਗਿਆ ਹੈ। ਜੋ ਬਾਬਾ ਜੀ ਨੂੰ ਸਵਾਲ ਪੁੱਛਣਾ ਚਾਹੁੰਦੇ ਹਨ, ਉਹਨਾਂ ਦਾ ਚੁਨਾਓ ਰੋਜ਼ ਸਤਿਸੰਗ ਤੋਂ ਪਹਿਲਾਂ ਇੱਕ ਲਾਟਰੀ ਦੇ ਜ਼ਰੀਏ ਕੀਤਾ ਜਾਵੇਗਾ। **ਇਹ ਚੁਨਾਓ ਏਰੀਆ ਰੋਜ਼ ਸਵੇਰੇ 7:00 ਵਜੇ ਖੁਲ੍ਹੇਗਾ ਅਤੇ 8:00 ਵਜੇ ਬੰਦ ਹੋ ਜਾਵੇਗਾ, ਜਿਸ ਤੋਂ ਬਾਅਦ ਲਾਟਰੀ ਦੇ ਜ਼ਰੀਏ ਚੁਨਾਓ ਕੀਤਾ ਜਾਵੇਗਾ। ਕਿਰਪਾ ਨੋਟ ਕਰੋ ਕੇ ਚੁਨਾਓ ਏਰੀਆ ਬੰਦ ਹੋਣ ਦਾ ਸਮਾਂ 8:15 ਤੋਂ ਬਦਲ ਦਿੱਤਾ ਗਿਆ ਹੈ ।** ਜੇ ਤੁਸੀਂ ਸਵਾਲ ਪੁੱਛਣਾ ਚਾਹੁੰਦੇ ਹੋ ਤਾਂ ਤੁਸੀਂ ਪਹਿਲਾਂ ਸਤਿਸੰਗ ਹਾਲ ਵਿਚ ਆਪਣੀ ਸੀਟ ਲੈ ਕੇ, ਫਿਰ ਹਾਲ ਦੇ ਪਿਛਲੇ ਹਿੱਸੇ ਵਿੱਚ, ਜਿਥੇ ਸਵਾਲ ਜਵਾਬ ਦੇ ਲਈ ਚੁਨਾਓ ਹੋ ਰਿਹਾ ਹੋਵੇ, ਉਥੇ ਆ ਜਾਓ ਜੀ। ਅਗਰ ਤੁਸੀਂ ਚੁਣੇ ਨਹੀਂ ਗਏ ਤਾਂ ਤੁਸੀਂ ਆਪਣੀ ਸੀਟ ਤੇ ਵਾਪਿਸ ਚਲੇ ਜਾਓ ਜੀ। ਚੁਣੇ ਜਾਣ ਦੀ ਪ੍ਰਕਿਰਿਆ ਤੋਂ ਬਾਅਦ ਕਿਸੇ ਨੂੰ ਵੀ ਸਵਾਲ ਜਵਾਬ ਦੀ ਲਾਈਨ ਵਿਚ ਲੱਗਣ ਦੀ ਅਨੁਮਤੀ ਨਹੀਂ ਹੈ।

**ਸਵਾਲ ਜਵਾਬ ਲਈ ਹਦਾਇਤਾਂ:**

1. ਸਵਾਲ ਪੁੱਛਣ ਵਾਲਿਆਂ ਦੀ ਉਮਰ 18 ਸਾਲ ਜਾਂ 18 ਤੋਂ ਵੱਧ ਹੋਣੀ ਚਾਹੀਦੀ ਹੈ।
2. ਸਵਾਲ ਛੋਟੇ ਅਤੇ ਸਪਸ਼ਟ ਹੋਣੇ ਚਾਹੀਦੇ ਹਨ।
3. ਸਿਰਫ **ਇੱਕ** ਸਵਾਲ ਪੁੱਛਣਾ ਚਾਹੀਦਾ ਹੈ।
4. ਸਵਾਲ ਰੂਹਾਨੀਅਤ ਬਾਰੇ ਹੋਣੇ ਚਾਹੀਦੇ ਹਨ, ਨਾ ਕਿ ਨਿਜੀ, ਆਰਥਿਕ, ਸਿਹਤ, ਪਰਿਵਾਰਿਕ ਜਾਂ ਰਾਜਨੀਤਿਕ ਸਮੱਸਿਆਵਾਂ ਬਾਰੇ।
5. ਦੂਸਰਿਆਂ ਵਲੋਂ ਸਵਾਲ ਨਾ ਪੁੱਛੋ।
6. ਲੰਬੇ ਨੋਟ, ਕਵਿਤਾਵਾਂ ਤੇ ਚਿੱਠੀਆਂ ਨਾ ਪੜ੍ਹੋ।
7. ਜਦੋਂ ਬਾਬਾ ਜੀ ਤੁਹਾਡੇ ਸਵਾਲ ਦਾ ਜਵਾਬ ਦੇ ਰਹੇ ਹੋਣ ਤਾਂ ਉਹਨਾਂ ਨੂੰ ਵਿਚ ਨਾ ਟੋਕੋ ਜੀ। ਕੁਝ ਬੋਲਣ ਤੋਂ ਪਹਿਲਾਂ, ਤੁਸੀਂ ਉਹਨਾਂ ਨੂੰ ਆਪਣੀ ਗੱਲ ਖਤਮ ਕਰਨ ਦੇਣਾ ਜੀ।

**ਸੰਗਤ ਲਈ ਬੇਨਤੀਆਂ:**

1. **ਸਤਿਸੰਗ ਪ੍ਰੋਗਰਾਮ ਦੌਰਾਨ ਕਿਸੇ ਵੇਲੇ ਵੀ ਤਾੜੀ ਨਾ ਬਜਾਓ ਜੀ।**
2. **ਕਿਰਪਾ ਕਰ ਕੇ ਸਵਾਲ ਪੁੱਛਣ ਵਾਲਿਆਂ ਦੀ ਗੋਪਨੀਅਤਾ ਦਾ ਆਦਰ ਕਰੋ ਅਤੇ ਮੁੜ ਕੇ ਉਹਨਾਂ ਵੱਲ ਦੇਖਣ ਦੀ ਕੋਸ਼ਿਸ਼ ਨਾ ਕਰੋ।**

**ਇਹਨਾਂ ਚੀਜ਼ਾਂ ਨੂੰ ਲੈ ਕੇ ਆਣ ਦੀ ਮਨਾਹੀ ਹੈ** - ਮੋਬਾਈਲ ਫੋਨ, ਪੇਜਰ, ਕੈਮਰਾ, ਦੂਰਬੀਨ, ਲੇਜ਼ਰ ਪੋਇੰਟਰ, ਐੱਮ ਪੀ 3 ਪਲੇਅਰ ਜਿਸ ਵਿਚ ਆਈਪੋਡ, ਆਡੀਓ ਵੀਡੀਓ ਰਿਕਾਰਡਰ, ਇਲੈਕਟ੍ਰਾਨਿਕ ਖੇਡਾਂ ਜਾਂ ਕੋਈ ਵੀ ਹੋਰ ਇਲੈਕਟ੍ਰਾਨਿਕ ਚੀਜ਼ ਸਤਿਸੰਗ ਏਰੀਆ (ਹਾਲ, ਫੈਮਿਲੀ ਏਰੀਆ ਅਤੇ ਆਲੇ ਦੁਆਲੇ ਦਾ ਏਰੀਆ) ਤੇ ਲੈ ਕੇ ਆਉਣ ਦੀ ਮਨਾਹੀ ਹੈ। ਜੇਕਰ ਇਹੋ ਜਿਹੀ ਕੋਈ ਚੀਜ਼ ਸਾਈਟ ਤੇ ਲਿਆਈ ਜਾਂਦੀ ਹੈ ਤਾਂ ਉਸ ਨੂੰ ਸੇਵਾਦਾਰਾਂ ਕੋਲ ਜ਼ਰੂਰ ਜਮਾਂ ਕਰਾ ਦਿਓ ਜੀ।

**ਤਸਵੀਰ ਲੈਣਾ ਅਤੇ ਆਡੀਓ/ਵੀਡੀਓ ਰਿਕਾਰਡਿੰਗ:** ਮੋਬਾਈਲ ਫੋਨ ਜਾਂ ਕਿਸੀ ਹੋਰ ਇਲੈਕਟ੍ਰਾਨਿਕ ਯੰਤਰ ਦਾ ਪ੍ਰਾਪਰਟੀ ਤੇ ਕਿਸੀ ਵੀ ਜਗ੍ਹਾ ਤੇ ਪ੍ਰਯੋਗ ਕਰਨਾ ਮਨਾਂ ਹੈ।

**ਵੱਡੇ ਬੈਗ ਜਾਂ ਪਰਸ** (6"x 9" ਤੋਂ ਵੱਡੇ) ਖਾਣ ਪੀਣ ਦੀਆਂ ਚੀਜ਼ਾਂ (ਪਾਣੀ ਨੂੰ ਛੱਡ ਕੇ) ਨੂੰ ਸਤਿਸੰਗ ਹਾਲ ਵਿਚ ਲੈ ਕੇ ਆਉਣ ਦੀ ਇਜਾਜ਼ਤ ਨਹੀਂ ਹੈ। ਕਿਰਪਾ ਨੋਟ ਕਰਨਾ ਕਿ ਸਾਰੇ ਬੈਗਾਂ ਦੀ ਹਾਲ ਜਾਂ ਫੈਮਿਲੀ ਏਰੀਆ ਦੇ ਅੰਦਰ ਲਿਆਉਣ ਤੇ ਜਾਂਚ ਕੀਤੀ ਜਾ ਸਕਦੀ ਹੈ। ਗੱਦੀਆਂ ਲੈ ਕੇ ਆਉਣ ਦੀ ਇਜਾਜ਼ਤ ਹੈ ਪਰ ਮੈਟਲ ਫਰੇਮ ਵਾਲੀ ਕੁਰਸੀ ਦੀ ਇਜਾਜ਼ਤ ਨਹੀਂ ਹੈ।

**ਨੋਟ ਲਿਖਣਾ:** ਬਾਬਾ ਜੀ ਚਾਹੁੰਦੇ ਹਨ ਕਿ ਅਸੀਂ ਉਹਨਾਂ ਦੀ ਮੌਜੂਦਗੀ ਦਾ ਪੂਰਾ ਪੂਰਾ ਫਾਇਦਾ ਉਠਾਈਏ ਅਤੇ ਆਪਣਾ ਸਮਾਂ ਅਤੇ ਧਿਆਨ ਲਿਖਣ ਵਿਚ ਨਾ ਲਗਾਇਆ ਜਾਏ। ਇਸ ਲਈ ਕਿਰਪਾ ਕਰਕੇ ਸਤਿਸੰਗ ਵਿਚ ਜਾਂ ਸਵਾਲ ਜਵਾਬ ਦੇ ਦੌਰਾਨ ਨੋਟਸ ਨਾ ਲਿਖੋ ਜੀ। ਨੋਟਸ ਲਿਖ ਕੇ ਉਹਨਾਂ ਨੂੰ ਇੰਟਰਨੇਟ ਜਾਂ ਕਿਸੇ ਹੋਰ ਤਰੀਕੇ ਨਾਲ ਇਕ ਦੂਜੇ ਨੂੰ ਭੇਜਣ ਦੀ ਸਖ਼ਤ ਮਨਾਹੀ ਹੈ।

**ਪਾਰਕਿੰਗ ਅਤੇ ਪ੍ਰਾਪਰਟੀ ਤੋਂ ਬਾਹਰ ਨਿਕਲਣਾ:** ਦੂਰ ਦੇ ਪਾਰਕਿੰਗ ਏਰੀਆ ਤੋਂ ਬਜ਼ੁਰਗਾਂ ਅਤੇ ਸਰੀਰਕ ਤੌਰ ਤੋਂ ਅਸਮਰਥ (ਸਪੈਸ਼ਲ ਨੀਡਸ) ਲੋਕਾਂ ਦੀ ਸਹਾਇਤਾ ਲਈ ਸੀਮਿਤ ਟ੍ਰਾਂਸਪੋਰਟ ਦਾ ਪ੍ਰਬੰਧ ਕੀਤਾ ਜਾਵੇਗਾ। ਕਿਉਂ ਕਿ ਕਾਰਾਂ ਨੂੰ ਪ੍ਰਾਪਰਟੀ ਤੋਂ ਬਾਹਰ ਨਿਕਲਣ ਲਈ ਕਾਫੀ ਵਕਤ ਲੱਗ ਸਕਦਾ ਹੈ, ਇਸ ਲਈ ਸਬਰ ਨਾਲ ਪ੍ਰਾਪਰਟੀ ਤੇ ਇੰਤਜ਼ਾਰ ਕਰਨ ਲਈ ਤਿਆਰ ਰਹਿਣਾ ਜੀ। **ਪ੍ਰਾਪਰਟੀ ਤੋਂ ਬਾਹਰ ਨਿਕਲਣ ਵਿੱਚ ਟਾਈਮ ਲੱਗਣ ਅਤੇ ਏਰੀਆ ਵਿੱਚ ਟ੍ਰੈਫਿਕ ਦੇ ਕਾਰਣ, ਬਾਹਰ ਜਾਣ ਵਾਲੀਆਂ ਫਲਾਈਟਾਂ ਘੱਟ ਤੋਂ ਘੱਟ 5 ਘੰਟੇ ਬਾਦ ਬੁੱਕ ਕਰਾਉਣ ਦਾ ਸੁਝਾਓ ਦਿੱਤਾ ਜਾਂਦਾ ਹੈ।**

**ਟਰਾਂਸਪੋਰਟੇਸ਼ਨ**: ਕੁਝ ਚੁਣਿੰਦਾ ਹੋਟਲਾਂ ਤੋਂ ਬੱਸਾਂ ਚੱਲਣਗੀਆਂ, ਲੰਬੀ ਦੂਰੀ ਵਾਲੀਆਂ ਚਾਰਟਰ ਬੱਸਾਂ ਦਾ ਵੀ ਇੰਤਜ਼ਾਮ ਹੋ ਸਕਦਾ ਹੈ। ਕਿਰਪਾ ਕਰਕੇ ਜ਼ਿਆਦਾ ਜਾਣਕਾਰੀ ਲਈ ਵੈਬਸਾਈਟ ਜਾਂ ਆਪਣੇ ਸਤਿਸੰਗ ਵਿਚ ਇਨਫੋਰਮੇਸ਼ਨ ਟੇਬਲ ਤੇ ਦੇਖੋ ਜੀ।

**ਸਤਿਸੰਗ ਤੇ ਬੱਚਿਆਂ ਨਾਲ ਆਉਣਾ:**10 ਅਤੇ 10 ਤੋਂ ਵੱਡੀ ਉਮਰ ਦੇ ਬੱਚਿਆਂ ਨੂੰ ਸਤਿਸੰਗ ਵਿਚ ਆਉਣ ਦੀ ਇਜਾਜ਼ਤ ਹੈ। 10 ਸਾਲ ਤੋਂ ਘੱਟ ਦੇ ਬੱਚੇ ਨੂੰ ਆਪਣੇ ਮਾਂ-ਬਾਪ ਜਾਂ ਗਾਰਡੀਅਨ ਨਾਲ ਫੈਮਿਲੀ ਏਰੀਆ ਵਿਚ ਜਾਣਾ ਪਵੇਗਾ। ਮਾਂ-ਬਾਪ ਜਾਂ ਗਾਰਡੀਅਨ ਸਤਿਸੰਗ ਦੇ ਦੌਰਾਨ ਅਤੇ ਸਤਿਸੰਗ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਬੱਚਿਆਂ ਲਈ ਜ਼ਿੰਮੇਵਾਰ ਹੋਣਗੇ। ਜ਼ਿਆਦਾ ਜਾਣਕਾਰੀ ਦੇ ਲਈ ਵੈਬਸਾਈਟ ਜਾਂ ਇਨਫੋਰਮੇਸ਼ਨ ਬੁੱਕਲੈਟ ਵਿੱਚ ਫੈਮਿਲੀ ਏਰੀਆ ਦੇ ਲਈ ਹਦਾਇਤਾਂ ਦੇਖ ਸਕਦੇ ਹੋ।

**ਸਰੀਰਕ ਤੋਰ ਤੇ ਅਸਮਰਥ ( ਸਪੈਸ਼ਲ ਨੀਡਸ ) ਲੋਕਾਂ ਦੀਆਂ ਜ਼ਰੂਰਤਾਂ – ਸ**ਰੀਰਕ ਰੂਪ ਤੋਂ ਅਸਮਰਥ ਲੋਕਾਂ ਲਈ ਸਹਾਇਤਾ ਦਾ ਇੰਤਜ਼ਾਮ ਕੀਤਾ ਜਾਵੇਗਾ। ਜਦੋਂ ਤੁਸੀਂ ਸਤਿਸੰਗ ਦੇ ਲਈ ਪਹੁੰਚੋਗੇ ਤਾਂ ਕਿਰਪਾ ਕਰਕੇ ਵਿਸ਼ੇਸ਼ ਲੋੜਾਂ ਦੀ ਪਾਰਕਿੰਗ ਅਤੇ ਡ੍ਰੌਪ ਆਫ਼ (drop off) ਦੇ ਸੰਕੇਤਾਂ ਦੀ ਪਾਲਣਾ ਕਰੋ। ਸੈਂਟਰ ਵਲੋਂ ਕੋਈ ਵੀ ਮੈਡੀਕਲ ਉਪਕਰਣ ਜਿਸ ਤਰਾਂ ਕਿ ਵ੍ਹੀਲਚੇਅਰ ਜਾਂ ਨਿਜੀ ਉਪਯੋਗ ਲਈ ਵਾਕਰ ਦਾ ਇੰਤਜ਼ਾਮ ਨਹੀਂ ਹੋਵੇਗਾ। **ਆਪਣੀ** ਜ਼ਰੂਰਤ **ਦੀਆਂ ਚੀਜ਼ਾਂ ਆਪਣੇ ਨਾਲ ਲੈ ਕੇ ਆਓ ਜੀ।** ਕਿਰਪਾ ਕਰਕੇ ਵੈਬਸਾਈਟ ਤੇ ਸਪੈਸ਼ਲ ਨੀਡਸ ਪੇਜ ਦੇਖੋ ਅਤੇ ਸਤਿਸੰਗ ਦੇ ਇਨਫੋਰਮੇਸ਼ਨ ਟੇਬਲ ਤੋਂ ਖਾਸ ਜ਼ਰੂਰਤਾਂ (ਸਪੈਸ਼ਲ ਨੀਡਸ) ਵਾਲਾ ਫਾਰਮ ਲੈ ਲਓ ਜੀ।

**ਭੋਜਨ:** ਸੰਗਤ ਨੂੰ ਬੈਗ ਲੰਚ ਦਿੱਤੇ ਜਾਣਗੇ ਜਿਹਨਾਂ ਵਿਚ ਇੱਕ ਜਾਂ ਦੋ ਰੈਪ, ਫ਼ਲ, ਸੀਰੀਅਲ ਬਾਰ ਤੇ ਇੱਕ ਪਾਣੀ ਦੀ ਬੋਤਲ ਹੋਵੇਗੀ। 1 ਰੈਪ ਵਾਲੇ ਬੈਗ ਦੀ ਕੀਮਤ $3 ਅਤੇ 2 ਰੈਪ ਵਾਲੇ ਬੈਗ ਦੀ ਕੀਮਤ $5 ਹੋਵੇਗੀ। ਸਤਿਸੰਗ ਤੋਂ ਪਹਿਲਾਂ, ਚਾਹ ਅਤੇ ਬਿਸਕੁਟ, ਅਤੇ ਸਤਿਸੰਗ ਤੋਂ ਬਾਅਦ ਸਿਰਫ ਚਾਹ, 25 ਸੇਂਟ ਵਿੱਚ, ਸੰਗਤ ਲਈ ਉਪਲੱਭਧ ਹੋਵੇਗੀ।

**ਸਥਾਨਿਕ ਲੋਕਾਂ ਨਾਲ ਸੰਬੰਧ**: ਬੇਨਤੀ ਹੈ ਕਿ ਸਤਿਸੰਗ ਵਿੱਚ ਆਉਣ ਵਾਲੇ ਹਰ ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਸਥਾਨਿਕ ਲੋਕਾਂ ਨਾਲ ਆਪਣਾ ਵਿਓਹਾਰ ਨਿਮਰ ਅਤੇ ਚੰਗਾ ਰੱਖੇ। ਸਾਡੇ ਸਤਿਸੰਗ ਸੈਂਟਰਾਂ ਨੇ ਸਥਾਨਿਕ ਲੋਕਾਂ ਅਤੇ ਸਥਾਨਿਕ ਸਰਕਾਰਾਂ ਨਾਲ ਚੰਗੇ ਸੰਬੰਧ ਵਿਕਸਿਤ ਕੀਤੇ ਹਨ। ਸਾਨੂੰ ਚਾਹੀਦਾ ਹੈ ਕੇ ਅਸੀਂ ਇਹੋ ਜਿਹਾ ਕੋਈ ਵੀ ਕੰਮ ਨਾ ਕਰੀਏ ਜਿਸ ਨਾਲ ਇਹ ਸੰਬੰਧ ਖਰਾਬ ਹੋ ਜਾਣ। ਜੇ ਹੋ ਸਕਦਾ ਹੋਵੇ ਤਾਂ ਹੋਟਲ ਅਤੇ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਸਟਾਫ ਨੂੰ ਟਿਪ ਜ਼ਰੂਰ ਦਿਓ ਜੀ**।**

**ਪਹਿਰਾਵਾ, ਇੱਤਰ, ਧੂਮ੍ਰ ਪਾਨ ਤੇ ਪਾਲਤੂ ਜਾਨਵਰ:** ਪਾਰਕਿੰਗ ਏਰੀਆ ਤੋਂ ਸਤਿਸੰਗ ਹਾਲ ਤਕ ਲੰਮੇ ਫਾਸਲੇ ਕਾਰਨ ਫਲੈਟ ਜੁੱਤੀਆਂ ਪਾਉਣ ਦੀ ਹਿਦਾਇਤ ਦਿੱਤੀ ਜਾਂਦੀ ਹੈ। ਸਤਿਸੰਗ ਹਾਲ ਖੁੱਲੀ ਜਗ੍ਹਾ ਵਿੱਚ ਹੋਵੇਗਾ। ਸਵੇਰੇ ਠੰਡ ਅਤੇ ਜਲਦੀ ਹੀ ਗਰਮੀ ਵੀ ਹੋ ਸਕਦੀ ਹੈ, ਇਸ ਲਈ ਉਸ ਹਿਸਾਬ ਨਾਲ ਕੱਪੜੇ ਪਾ ਕੇ ਆਉਣਾ ਜੀ। ਕੁਛ ਲੋਕਾਂ ਨੂੰ ਅਲਰਜੀ, ਦਮਾ ਆਦਿ ਦੀ ਸਿਹਤ ਦੀ ਸਮੱਸਿਆ ਹੋ ਸਕਦੀ ਹੈ। ਕਿਰਪਾ ਕਰਕੇ ਇਹਨਾਂ ਲੋਕਾਂ ਦਾ ਧਿਆਨ ਰੱਖਦੇ ਹੋਏ ਇਤਰ ਵਗੈਰਾ ਲਗਾਉਣ ਤੋਂ ਪ੍ਰਹੇਜ ਕਰੋ ਜੀ। ਸਤਿਸੰਗ ਦੀ ਪ੍ਰਾਪਰਟੀ ਤੇ ਸਿਗਰੈਟ-ਬੀੜੀ ਪੀਣਾ ਅਤੇ ਪਾਲਤੂ ਜਾਨਵਰ ਲੈ ਕੇ ਆਉਣ ਦੀ ਮਨਾਹੀ ਹੈ। ਜੇ ਵਿਸ਼ੇਸ਼ ਲੋੜਾਂ ਵਾਲੇ ਲੋਕਾਂ ਲਈ ਸਰਟੀਫਾਈਡ ਸਰਵਿਸ ਜਾਨਵਰ ਹਨ, ਉਹਨਾਂ ਨੂੰ ਸਤਿਸੰਗ ਪ੍ਰਾਪਰਟੀ ਤੇ ਲੈ ਕੇ ਆਉਣ ਦੀ ਇਜਾਜ਼ਤ ਹੈ।